Punjabi | ਪੰਜਾਬੀ

# ਤੂਫ਼ਾਨ ਦੇ ਦੌਰਾਨ ਸੁਰੱਖਿਅਤ ਫ਼ੈਸਲੇ ਲਓ

NSW STATE EMERGENCY SERVICE



## ਮੌਸਮ ਦੀਆਂ ਚੇਤਾਵਨੀਆਂ ਨੂੰ ਵੇਖੋ ਅਤੇ ਸੁਣੋ

ਇਹ ਚੇਤਾਵਨੀਆਂ **ਹੈਜ਼ਰਡਜ਼ ਨੀਅਰ ਮੀ (Hazards Near Me)** ਐਪ 'ਤੇ ਦਿਖਾਈ ਦੇਣਗੀਆਂ।

## ਸੁਰੱਖਿਅਤ ਢੰਗ ਨਾਲ ਕਾਰਵਾਈ ਕਰੋ

ਆਪਣੇ ਵਿਹੜੇ ਵਿੱਚ ਜਾਂ ਆਪਣੀ ਬਾਲਕੋਨੀ ਵਿੱਚ ਖੁੱਲ੍ਹੀਆਂ ਪਈਆਂ ਚੀਜ਼ਾਂ ਨੂੰ ਸੁਰੱਖਿਅਤ ਕਰੋ ਜਾਂ ਸੰਭਾਲ ਕੇ ਰੱਖ ਦਿਓ, ਉਦਾਹਰਨ ਲਈ ਟ੍ਰੈਂਪੋਲਿਨ, ਛਤਰੀਆਂ, ਮੇਜ਼ ਅਤੇ ਕੁਰਸੀਆਂ, ਅਤੇ ਪਾਲਤੂ ਜਾਨਵਰਾਂ ਦੇ ਭੋਜਨ ਵਾਲੇ ਕਟੋਰੇ।

## ਸਥਾਨਕ ਮੌਸਮੀ ਹਾਲਾਤਾਂ ਦੀ ਨਿਗਰਾਨੀ ਕਰੋ

- ਯਕੀਨੀ ਬਣਾਓ ਕਿ ਤੁਹਾਡੇ ਗੁਆਂਢੀ, ਪਰਿਵਾਰ ਅਤੇ ਦੋਸਤ ਮੌਜੂਦਾ ਚੇਤਾਵਨੀਆਂ ਤੋਂ ਜਾਣੂ ਹਨ।
- ਮੌਸਮ ਦੀਆਂ ਮੌਜੂਦਾ ਤਾਜ਼ਾ ਖ਼ਬਰਾਂ ਲਈ ਆਪਣੇ ਸਥਾਨਕ ਰੇਡੀਓ ਅਤੇ ਟੀਵੀ ਨੂੰ ਸੁਣੋ।

## ਘਰ ਵਿੱਚ ਸੁਰੱਖਿਅਤ ਰਹੋ



ਘਰ ਦੇ ਅੰਦਰ ਰਹੋ, ਦਰਵਾਜ਼ਿਆਂ ਅਤੇ ਖਿੜਕੀਆਂ ਤੋਂ ਦੂਰ ਰਹੋ।



ਤੂਫ਼ਾਨਾਂ ਦੇ ਦੌਰਾਨ ਗੱਡੀ ਚਲਾਉਣ ਜਾਂ ਯਾਤਰਾ ਕਰਨ ਬਾਰੇ ਮੁੜ ਵਿਚਾਰ ਕਰੋ।

## ਜੇ ਗੱਡੀ ਚਲਾ ਰਹੇ ਹੋ ਤਾਂ ਸੁਰੱਖਿਅਤ ਰਹੋ

ਗੱਡੀ ਨੂੰ ਹੌਲੀ ਕਰੋ ਅਤੇ ਹਾਲਾਤਾਂ ਦੇ ਹਿਸਾਬ ਨਾਲ ਚਲਾਓ।

ਪਨਾਹ ਲੈਣ ਲਈ ਗੱਡੀ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਤਰਜੀਹੀ ਤੌਰ 'ਤੇ ਰੁੱਖਾਂ, ਬਿਜਲੀ ਦੀਆਂ ਤਾਰਾਂ ਅਤੇ ਨੀਵੇਂ ਖੇਤਰਾਂ ਤੋਂ ਦੂਰ ਖੜ੍ਹੀ ਕਰੋ।

## ਬਾਹਰਵਾਰ ਸੁਰੱਖਿਅਤ ਰਹੋ

ਜੇਕਰ ਤੁਹਾਨੂੰ ਐਮਰਜੈਂਸੀ ਵਿੱਚ ਸਹਾਇਤਾ ਦੀ ਲੋੜ ਹੈ ਤਾਂ **NSW SES** ਨੂੰ **132 500** 'ਤੇ ਫ਼ੋਨ ਕਰੋ ਜਾਂ ਜੇਕਰ ਤੁਸੀਂ ਜਾਨਲੇਵਾ ਸਥਿਤੀ ਵਿੱਚ ਹੋ ਤਾਂ **ਟ੍ਰਿਪਲ ਜ਼ੀਰੋ (000)** ਨੂੰ ਫ਼ੋਨ ਕਰੋ।




ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES